# ਦੂਰੋਂ ਪੜ੍ਹਾਈ ਕਰਨ ਲਈ ਟੈਕਨਾਲੋਜੀ ਲੋਨ 'ਤੇ ਦੇਣ ਦੀ ਪੁਸ਼ਟੀ (Punjabi)

ਏਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ (EGUSD) ਨੂੰ ਉਹਨਾਂ ਬੱਚਿਆਂ ਨੂੰ ਟੈਕਨਾਲੋਜੀ ਉਪਕਰਨ ਵੰਡਣ ਦੀ ਲੋੜ ਹੈ ਜਿਨ੍ਹਾਂ ਦੀ ਘਰ ਵਿੱਚ ਡਿਵਾਈਸਾਂ ਤਕ ਸੀਮਿਤ ਪਹੁੰਚ ਹੈ ਜਾਂ ਕੋਈ ਪਹੁੰਚ ਨਹੀਂ ਹੈ। ਸਾਡਾ ਟੀਚਾ ਇਹ ਪੱਕਾ ਕਰਨਾ ਹੈ ਕਿ ਸਕੂਲਾਂ ਦੇ ਬੰਦ ਹੋਣ ਦੇ ਦੌਰਾਨ ਹਰੇਕ ਵਿਦਿਆਰਥੀ ਦੀ ਟੈਕਨਾਲੋਜੀ ਉਪਕਰਨ ਤੱਕ ਬਰਾਬਰ ਪਹੁੰਚ ਹੋਵੇ ਤਾਂ ਜੋ ਦੂਰੋਂ ਪੜ੍ਹਾਈ ਮੁਹੱਈਆ ਕੀਤੀ ਜਾ ਸਕੇ।

ਕਿਸੇ ਉਧਾਰ ਲਏ ਗਏ ਸਕੂਲ ਦੇ ਸਮਾਨ (ਪਾਠ ਪੁਸਤਕ, ਲਾਇਬ੍ਰੇਰੀ ਦੀ ਕਿਤਾਬ ਜਾਂ ਖੇਡ ਡਿਵਾਈਸ) ਦੀ ਤਰ੍ਹਾਂ, ਵਿਦਿਆਰਥੀ ਨੂੰ ਚੈੱਕ-ਆਉਟ ਕੀਤੇ ਗਏ ਕਿਸੇ ਵੀ ਟੈਕਨਾਲੋਜੀ ਉਪਕਰਨ ਲਈ ਕਾਨੂੰਨੀ ਮਾਪਿਆਂ/ਸਰਪ੍ਰਸਤਾਂ ਅਤੇ ਵਿਦਿਆਰਥੀ ਦੀ ਜ਼ਿੰਮੇਵਾਰੀ ਹੈ ਕਿ ਉਹ ਘਰ ਵਿੱਚ ਡਿਵਾਈਸ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਯਕੀਨੀ ਬਣਾਉਣ। ਜੇ EGUSD ਦੁਆਰਾ ਜਾਰੀ ਕੀਤੇ ਗਏ ਡਿਵਾਈਸਾਂ ਨੂੰ ਜਾਣ ਬੁੱਝ ਕੇ ਨੁਕਸਾਨ ਪਹੁੰਚਾਇਆ ਜਾਂਦਾ ਹੈ ਜਾਂ EGUSD ਨੂੰ ਵਾਪਸ ਨਹੀਂ ਕੀਤੇ ਜਾਂਦੇ ਹਨ, **ਤਾਂ ਮੁਰੰਮਤ ਜਾਂ ਬਦਲੀ ਦੀ ਲਾਗਤ ਦੀ ਵਸੂਲੀ ਕੀਤੇ ਜਾਣ ਲਈ ਕਾਨੂੰਨੀ ਮਾਪੇ/ਸਰਪ੍ਰਸਤ ਅਤੇ ਵਿਦਿਆਰਥੀ ਸਕੂਲ ਦੀ ਸਾਈਟ ਨਾਲ ਮਿਲ ਕੰਮ ਕਰਨ ਜ਼ਿੰਮੇਵਾਰ ਹਨ (AR 5125.2)।**

ਸਾਰੇ EGUSD ਟੈਕਨਾਲੋਜੀ ਉਪਕਰਣ ਨਿਰਦੇਸ਼ ਦਿੱਤੇ ਜਾਣ 'ਤੇ ਸਕੂਲ ਸਾਈਟ ਨੂੰ **ਲਾਜ਼ਮੀ ਤੌਰ 'ਤੇ** ਉਸੇ ਕੰਮਕਾਜੀ ਸਥਿਤੀ ਵਿੱਚ ਵਾਪਸ ਕੀਤੇ ਜਾਣੇ ਚਾਹੀਦੇ ਹਨ।

**ਕਿਰਪਾ ਕਰਕੇ ਹੇਠਾਂ ਦਿੱਤੇ ਜ਼ਿੰਮੇਵਾਰੀ ਨਾਲ ਉਪਯੋਗ ਅਤੇ ਦੇਖਭਾਲ ਬਾਰੇ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ:**

---

## EGUSD ਟੈਕਨਾਲੋਜੀ ਉਪਕਰਨ ਦੀ ਜ਼ਿੰਮੇਵਾਰੀ ਅਤੇ ਦੇਖਭਾਲ

- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** EGUSD ਦੁਆਰਾ ਜਾਰੀ ਕੀਤੇ ਸਾਰੇ ਡਿਵਾਈਸ ਕਿਸੇ ਵੀ ਸਕੂਲ ਪ੍ਰਬੰਧਕ ਜਾਂ ਅਧਿਆਪਕ ਨੂੰ ਜਾਂਚ ਲਈ ਉਪਲਬਧ ਕਰਾਉਣੇ ਚਾਹੀਦੇ ਹਨ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** EGUSD ਡਿਵਾਈਸਾਂ ਦੀ ਵਰਤੋਂ ਕਰਦਿਆਂ ਕਿਸੇ ਅਣਉਚਿਤ ਸੰਚਾਰ ਬਾਰੇ ਸਕੂਲ ਪ੍ਰਸ਼ਾਸਨ ਜਾਂ ਅਧਿਆਪਕਾਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** EGUSD ਦੁਆਰਾ ਜਾਰੀ ਕੀਤੇ ਸਾਰੇ ਡਿਵਾਈਸਾਂ ਨੂੰ ਕਿਸੇ ਭੌਤਿਕ ਨੁਕਸਾਨ, ਲਿਖਣ, ਡਰਾਇੰਗ, ਸਟਿੱਕਰਾਂ, ਜਾਂ ਗੈਰ-EGUSD ਲੇਬਲ ਤੋਂ ਮੁਕਤ ਰੱਖਣਾ ਚਾਹੀਦਾ ਹੈ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** ਕਦੇ ਵੀ ਕਿਸੇ ਟੈਕਨਾਲੋਜੀ ਉਪਕਰਨ ਨੂੰ ਗੈਰ-ਨਿਗਰਾਨੀ ਵਾਲੇ ਖੇਤਰਾਂ ਵਿੱਚ ਨਹੀਂ ਛੱਡਣਾ ਚਾਹੀਦਾ, ਤਾਂ ਜੋ ਡਿਵਾਈਸਾਂ ਨੂੰ ਨੁਕਸਾਨ ਜਾਂ ਚੋਰੀ ਹੋਣ ਤੋਂ ਬਚਾਇਆ ਜਾ ਸਕੇ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** ਆਪਣੇ ਕੰਮ/ਜਾਣਕਾਰੀ ਦੀ ਰੱਖਿਆ ਕਰਨ ਲਈ EGUSD ਦੁਆਰਾ ਜਾਰੀ ਕੀਤੇ ਡਿਵਾਈਸਾਂ ਤੋਂ ਲੌਗ-ਆਉਟ ਕਰਕੇ, ਉਹਨਾਂ ਨੂੰ ਬੰਦ ਕਰਕੇ ਸੁਰੱਖਿਅਤ ਰੱਖਣਾ ਚਾਹੀਦਾ ਹੈ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** ਕਿਸੇ ਵੀ ਹਾਲਾਤ ਵਿੱਚ ਕਦੇ ਵੀ ਕਿਸੇ ਹੋਰ ਵਿਦਿਆਰਥੀ ਦੇ ਖਾਤਿਆਂ, ਫਾਈਲਾਂ ਅਤੇ/ਜਾਂ ਡੇਟਾ ਤੱਕ ਪਹੁੰਚ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** ਕਦੇ ਵੀ ਡਿਸਟ੍ਰਿਕਟ ਸੁਰੱਖਿਆ, ਫਿਲਟਰਾਂ ਅਤੇ/ਜਾਂ ਡਿਵਾਈਸ 'ਤੇ ਸੁਰੱਖਿਆਵਾਂ ਨੂੰ ਬਾਈਪਾਸ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** EGUSD ਟੈਕਨਾਲੋਜੀ ਉਪਕਰਣ ਨੂੰ ਸਾਫ ਕਰਨ ਲਈ ਸਿਰਫ ਕਿਸੇ ਸਾਫ, ਸੁੱਕੇ, ਨਰਮ ਕੱਪੜੇ ਦੀ ਵਰਤੋਂ ਕਰਨੀ ਚਾਹੀਦੀ ਹੈ; ਕਿਸੇ ਵੀ ਕਿਸਮ ਦੇ ਕਲਿਨਜ਼ਰ ਜਾਂ ਤਰਲ ਨਹੀਂ।
- ਵਿਦਿਆਰਥੀਆਂ ਨੂੰ **ਲਾਜ਼ਮੀ ਤੌਰ 'ਤੇ** ਕਿਸੇ ਵੀ EGUSD ਦੁਆਰਾ ਜਾਰੀ ਕੀਤੇ ਡਿਵਾਈਸਾਂ ਦੇ ਨੇੜੇ ਤਰਲ ਨਹੀਂ ਰੱਖਣਾ ਚਾਹੀਦਾ ਹੈ ਤਾਂ ਜੋ ਤਰਲ ਕਾਰਨ ਨੁਕਸਾਨ ਤੋਂ ਬਚਿਆ ਜਾ ਸਕੇ। ਜੇ ਕਿਸੇ ਵੀ EGUSD ਟੈਕਨਾਲੋਜੀ ਉਪਕਰਨ ਨੂੰ ਤਰਲ ਕਰਕੇ ਨੁਕਸਾਨ ਪਹੁੰਚਦਾ ਹੈ, ਤਾਂ ਇਸਨੂੰ ਕਿਸੇ ਚਾਰਜਰ ਵਿੱਚ ਨਾ ਲਗਾਓ ਜਾਂ ਡਿਵਾਈਸ ਨੂੰ ਚਾਲੂ ਨਾ ਕਰੋ। EGUSD ਦੁਆਰਾ ਜਾਰੀ ਕੀਤੇ ਡਿਵਾਈਸ ਨੂੰ ਬੰਦ ਕਰੋ, ਚਾਰਜਰ ਦਾ ਪਲੱਗ ਕੱਢ ਦਿਓ, ਅਤੇ ਨਿਰਦੇਸ਼ਾਂ, ਡਰਾਪ-ਆਫ, ਮੁਰੰਮਤ ਅਤੇ ਲੋਨਰ ਚੈੱਕ-ਆਉਟ ਲਈ ਤੁਰੰਤ ਸਕੂਲ ਨਾਲ ਸੰਪਰਕ ਕਰੋ।

## ਘਰ ਵਿੱਚ EGUSD ਡਿਵਾਈਸਾਂ ਦੀ ਵਰਤੋਂ ਲਈ ਮਾਪਿਆਂ/ਸਰਪ੍ਰਸਤ ਦੀ ਕਨੂੰਨੀ ਜ਼ਿੰਮੇਵਾਰੀ

- ਆਪਣੇ ਬੱਚਿਆਂ ਨਾਲ ਉਹਨਾਂ ਕਦਰਾਂ ਕੀਮਤਾਂ ਅਤੇ ਉਹਨਾਂ ਮਾਪਦੰਡਾਂ ਬਾਰੇ ਗੱਲ ਕਰੋ ਜਿਨ੍ਹਾਂ ਦੀ ਤੁਹਾਡੇ ਬੱਚਿਆਂ ਨੂੰ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਪਾਲਣਾ ਕਰਨੀ ਚਾਹੀਦੀ ਹੈ, ਜਿਵੇਂ ਤੁਸੀਂ ਸਾਰੇ ਮੀਡੀਆ ਸਰੋਤਾਂ, ਜਿਵੇਂ ਕਿ ਟੈਲੀਵਿਜ਼ਨ, ਟੈਲੀਫੋਨ, ਫਿਲਮਾਂ ਅਤੇ ਰੇਡੀਓ ਦੀ ਵਰਤੋਂ ਲਈ ਕਰਦੇ ਹੋ।
- ਇਹ ਪੱਕਾ ਕਰਨ ਲਈ ਕਿ ਸਿਰਫ ਉਚਿਤ ਸਮਗਰੀ ਤੱਕ ਪਹੁੰਚ ਪ੍ਰਾਪਤ ਕੀਤੀ ਜਾ ਰਹੀ ਹੈ, ਨਿਯਮਿਤ ਤੌਰ 'ਤੇ ਆਪਣੇ ਬੱਚੇ ਦੇ ਡਿਵਾਈਸ ਦੀ ਵਰਤੋਂ ਅਤੇ ਇੰਟਰਨੈੱਟ ਦੀ ਗਤੀਵਿਧੀ ਦੀ ਨਿਗਰਾਨੀ ਕਰੋ।
- ਇਹ ਪੱਕਾ ਕਰੋ ਕਿ ਤੁਹਾਡਾ ਬੱਚਾ ਨਿਰਧਾਰਤ EGUSD ਡਿਵਾਈਸਾਂ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਬਣਾ ਕੇ ਰੱਖ ਰਿਹਾ ਹੈ ਅਤੇ ਉਹਨਾਂ ਨੂੰ ਜ਼ਿੰਮੇਵਾਰੀ ਨਾਲ ਵਰਤ ਰਿਹਾ ਹੈ।

## ਖ਼ਰਾਬੀ, ਨੁਕਸਾਨ, ਗੁਆਚਣਾ ਅਤੇ ਚੋਰੀ

- ਕੋਈ ਵੀ EGUSD ਦੁਆਰਾ ਜਾਰੀ ਕੀਤੇ ਡਿਵਾਈਸ ਜੋ ਖ਼ਰਾਬ ਹੋ ਜਾਂਦੇ ਹਨ ਜਾਂ ਨੁਕਸਾਨੇ ਜਾਂਦੇ ਹਨ, ਬਾਰੇ **ਲਾਜ਼ਮੀ ਤੌਰ 'ਤੇ** ਨਿਰਦੇਸ਼ਾਂ, ਡਰਾਪ-ਆਫ, ਮੁਰੰਮਤ, ਅਤੇ ਲੋਨਰ ਚੈੱਕ-ਆਉਟ ਲਈ ਹੇਠਾਂ ਦਿੱਤੇ ਸਹਾਇਤਾ ਨੰਬਰ 'ਤੇ ਤੁਰੰਤ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਅਤੇ ਕਾਨੂੰਨੀ ਮਾਪਿਆਂ/ਸਰਪ੍ਰਸਤਾਂ ਨੂੰ ਕਿਸੇ ਵੀ ਪਹਿਲਾਂ ਤੋਂ ਹੋਏ ਨੁਕਸਾਨਾਂ (ਛੋਟੀਆਂ ਝਰੀਟਾਂ, ਮਾਮੂਲੀ ਡੂੰਘ, ਆਦਿ) ਲਈ ਜ਼ਿੰਮੇਵਾਰ **ਨਹੀਂ** ਠਹਿਰਾਇਆ ਜਾਵੇਗਾ।
- EGUSD ਦੁਆਰਾ ਜਾਰੀ ਕੀਤੇ ਕੋਈ ਵੀ ਡਿਵਾਈਸ ਜੋ ਗੁਆਚ ਜਾਂ ਚੋਰੀ ਹੋ ਗਏ ਹਨ ਬਾਰੇ **ਲਾਜ਼ਮੀ ਤੌਰ 'ਤੇ** ਤੁਰੰਤ ਹੇਠਾਂ ਦਿੱਤੇ ਨੰਬਰ 'ਤੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਗੁਆਚ ਗਏ ਜਾਂ ਚੋਰੀ ਹੋ ਗਏ ਡਿਵਾਈਸਾਂ ਦੇ ਨਤੀਜੇ ਵਜੋਂ ਸਕੂਲ ਸਟਾਫ, ਵਿਦਿਆਰਥੀਆਂ ਅਤੇ/ਜਾਂ ਮਾਪਿਆਂ/ਸਰਪ੍ਰਸਤਾਂ ਵਿਚਕਾਰ ਸ਼ੁਰੂਆਤੀ ਗੱਲਬਾਤ ਹੋਵੇਗੀ। *ਇਸ ਤੋਂ ਬਾਅਦ ਨਿਰੰਤਰ ਪਹੁੰਚ ਬਾਰੇ ਨਿਰਧਾਰਨ ਕੇਸ-ਦਰ-ਕੇਸ ਦੇ ਅਧਾਰ 'ਤੇ ਕੀਤਾ ਜਾਵੇਗਾ।*

## ਵਿਦਿਆਰਥੀ ਲਈ ਟੈਕਨਾਲੋਜੀ ਉਪਕਰਨ ਸੰਬੰਧੀ ਸਹਾਇਤਾ

ਜੇ EGUSD ਟੈਕਨਾਲੋਜੀ ਦੁਆਰਾ ਜਾਰੀ ਕੀਤਾ ਕੋਈ ਡਿਵਾਈਸ ਖ਼ਰਾਬ ਹੋ ਜਾਂਦਾ ਹੈ, ਨੁਕਸਾਨਿਆ ਜਾਂਦਾ ਹੈ, ਗੁਆਚ ਜਾਂ ਚੋਰੀ ਹੋ ਜਾਂਦਾ ਹੈ ਤਾਂ ਹੇਠ ਦਿੱਤੀ ਜਾਣਕਾਰੀ ਦੇਖੋ।
***EGUSD ਪਾਠਕ੍ਰਮ ਸੰਬੰਧੀ ਕਿਸੇ ਵੀ ਸਹਾਇਤਾ ਅਤੇ ਸਿੱਖਣ ਦੇ ਮੌਕਿਆਂ ਲਈ, ਕਿਰਪਾ ਕਰਕੇ ਆਪਣੇ ਵਿਦਿਆਰਥੀ ਦੇ ਅਧਿਆਪਕ ਨਾਲ ਕੰਮ ਕਰੋ।***

- ਈ-ਮੇਲ: stusupport@egusd.net
- ਫੋਨ: (916) 686-0245 (ਧਿਆਨ ਦਿਓ: ਇਹ ਇੱਕ ਸੀਮਿਤ ਸਹਾਇਤਾ ਨੰਬਰ ਹੈ ਅਤੇ ਤੁਹਾਨੂੰ ਇੱਕ ਕਾਲ ਬੈਕ ਨੰਬਰ ਨਾਲ ਇੱਕ ਵੌਇਸਮੇਲ ਛੱਡਣੀ ਪੈ ਸਕਦੀ ਹੈ।)

ਇੱਕ Chromebook ਉਧਾਰ ਲੈ ਕੇ, ਕਨੂੰਨੀ ਮਾਪੇ/ਸਰਪ੍ਰਸਤ ਅਤੇ ਵਿਦਿਆਰਥੀ ਡਿਸਟੈਂਸ ਲਰਨਿੰਗ ਲਈ ਇਹਨਾਂ ਟੈਕਨਾਲੋਜੀ ਲੋਨਰ ਪ੍ਰਵਾਨਗੀ ਦੀਆਂ ਸ਼ਰਤਾਂ ਨਾਲ ਸਹਿਮਤ ਹੁੰਦੇ ਹਨ ਅਤੇ ਵਿਦਿਆਰਥੀ ਨੂੰ ਘਰ ਵਿੱਚ EGUSD ਦੁਆਰਾ ਜਾਰੀ ਕੀਤੇ ਗਏ ਟੈਕਨਾਲੋਜੀ ਡਿਵਾਈਸਾਂ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ। EGUSD ਜਾਰੀ ਕੀਤੇ ਗਏ ਸਾਰੇ ਟੈਕਨਾਲੋਜੀ ਡਿਵਾਈਸ EGUSD ਦੀ ਸੰਪਤੀ ਹਨ ਅਤੇ ਸਾਰੇ ਉਧਾਰ ਲੈਣ ਵਾਲੇ **EGUSD ਦੀ ਮਾਪਿਆਂ ਅਤੇ ਵਿਦਿਆਰਥੀ ਲਈ ਹੈਂਡਬੁੱਕ ਵਿੱਚ ਇੰਟਰਨੈੱਟ ਦੀ ਵਿਦਿਅਕ ਵਰਤੋਂ ਬਾਰੇ ਸਮਝੌਤੇ ਅਤੇ ਡਿਜੀਟਲ ਸਿਟੀਜ਼ਨਸ਼ਿਪ**, **ਪੜ੍ਹਾਈ ਵਿੱਚ ਟੈਕਨਾਲੋਜੀ ਦੀ ਵਰਤੋਂ - AR 6162.7/BP 6162.7**, ਪੜ੍ਹਾਈ ਸੇਵਾਵਾਂ ਅਤੇ ਸਰੋਤ - BP 6162.1, ਅਤੇ **ਇੰਟਰਨੈੱਟ ਦੀ ਵਿਦਿਅਕ ਵਰਤੋਂ ਬਾਰੇ ਐਪਲੀਕੇਸ਼ਨ - AR 6162.7** ਦੀ ਪਾਲਣਾ ਕਰਨਗੇ।

EGUSD

# ਦੂਰੋਂ ਪੜ੍ਹਾਈ ਕਰਨ ਲਈ ਸੈਲੂਲਰ ਹੋਟਸਪੋਟ ਲੋਨ 'ਤੇ ਦੇਣ ਦੀ ਪੁਸ਼ਟੀ

## ਇੰਟਰਨੈਟ ਤਕ ਪਹੁੰਚ

EGUSD ਟੈਕਨਾਲੋਜੀ ਦੁਆਰਾ ਜਾਰੀ ਕੀਤੇ ਡਿਵਾਈਸ ਪ੍ਰਾਪਤ ਕਰਨ ਤੋਂ ਬਾਅਦ, ਵਿਦਿਆਰਥੀਆਂ ਨੂੰ ਸਾਰੇ EGUSD ਟੈਕਨਾਲੋਜੀ ਡਿਵਾਈਸਾਂ ਨੂੰ ਬਿਜਲੀ ਨਾਲ ਜੋੜਨ ਦੀ ਲੋੜ ਹੋਏਗੀ। EGUSD ਦੁਆਰਾ ਜਾਰੀ ਕੀਤੀ ਗਈ Chromebook ਨੂੰ ਇੰਟਰਨੈੱਟ ਤਕ ਪਹੁੰਚ ਪ੍ਰਾਪਤ ਕਰਨ ਲਈ **ਲਾਜ਼ਮੀ ਤੌਰ 'ਤੇ** ਕਿਸੇ ਘਰੇਲੂ/ਜਨਤਕ/EGUSD ਸੈਲੂਲਰ ਹੋਟਸਪੋਟ ਵਾਇਰਲੈਸ ਨੈੱਟਵਰਕ *(ਆਮ ਤੌਰ 'ਤੇ ਵਾਈ-ਫਾਈ ਨੈੱਟਵਰਕ ਵਜੋਂ ਜਾਣਿਆ ਜਾਂਦਾ ਹੈ)* ਨਾਲ ਕਨੈਕਟ ਕੀਤਾ ਜਾਣਾ ਚਾਹੀਦਾ ਹੈ। ਸਾਰੀਆਂ EGUSD Chromebooks ਨੂੰ ਸਟੂਡੈਂਟ ਕੰਟੈਂਟ ਫਿਲਟਰਿੰਗ ਪ੍ਰਾਪਤ ਹੋਵੇਗਾ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਵਿਦਿਆਰਥੀ ਦੀ ਇੰਟਰਨੈੱਟ ਤਕ ਪਹੁੰਚ ਏਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਮਿਆਰਾਂ ਦੀ ਪਾਲਣਾ ਕਰੇ। ਡਿਜ਼ਾਈਨ ਦੁਆਰਾ, Chromebooks ਨੂੰ ਇੰਟਰਨੈੱਟ ਕਨੈਕਸ਼ਨ ਦੀ ਲੋੜ ਹੁੰਦੀ ਹੈ; ਘਰ ਵਿੱਚ ਨੈੱਟਵਰਕ ਕਨੈਕਟਿਵਿਟੀ ਜ਼ਰੂਰੀ ਹੋਵੇਗੀ।

**ਉਹਨਾਂ ਘਰਾਂ ਲਈ ਜਿਨ੍ਹਾਂ ਕੋਲ ਪਹਿਲਾਂ ਤੋਂ ਹੀ ਘਰ ਵਿੱਚ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ,** ਅਸੀਂ ਤੁਹਾਨੂੰ ਸਾਡੇ ਖੇਤਰ ਵਿੱਚ ਪ੍ਰਦਾਤਾਵਾਂ ਨਾਲ ਫਾਲੋ-ਅੱਪ ਕਰਨ ਲਈ ਉਤਸਾਹਿਤ ਕਰਦੇ ਹਾਂ। ਕਿਰਪਾ ਕਰਕੇ ਡਿਸਟ੍ਰਿਕਟ ਦੀ ਵੈੱਬਸਾਈਟ 'ਤੇ EGUSD ਦੇ **ਪਰਿਵਾਰਾਂ ਲਈ ਇੰਟਰਨੈੱਟ ਤੱਕ ਪਹੁੰਚ ਲਈ ਸਰੋਤ** ਦੀ ਸਮੀਖਿਆ ਕਰੋ। ਕਿਸੇ ਇੰਟਰਨੈੱਟ ਪ੍ਰਦਾਤਾ ਦੀ ਵਰਤੋਂ ਕਰਨ ਦਾ ਫਾਇਦਾ ਇਹ ਹੈ ਕਿ ਘਰ ਵਿੱਚ ਨਿੱਜੀ ਡਿਵਾਈਸਾਂ ਦੀ ਇੰਟਰਨੈੱਟ ਤੱਕ ਪਹੁੰਚ ਹੋਵੇਗੀ। ਨਿੱਜੀ ਡਿਵਾਈਸ EGUSD ਹੋਟਸਪੋਟ ਨਾਲ ਕਨੈਕਟ **ਨਹੀਂ** ਕਰ ਸਕਣਗੇ।

## EGUSD ਸੈਲੂਲਰ ਹੋਟਸਪੋਟ

ਡਿਸਟ੍ਰਿਕਟ ਵਿਦਿਆਰਥੀਆਂ ਲਈ ਸੀਮਿਤ ਸੰਖਿਆ ਵਿੱਚ ਸੈਲੂਲਰ ਹੋਟਸਪੋਟ ਡਿਵਾਈਸ ਪੇਸ਼ ਕਰ ਰਿਹਾ ਹੈ (ਇੱਕ ਘਰ ਵਿੱਚ ਇੱਕ) ਜਿਨ੍ਹਾਂ ਕੋਲ ਘਰ ਵਿੱਚ ਇੰਟਰਨੈੱਟ ਤੱਕ ਪਹੁੰਚ **ਨਹੀਂ** ਹੈ। ਸਿਰਫ EGUSD ਦੁਆਰਾ ਜਾਰੀ ਕੀਤੀਆਂ Chromebooks ਹੀ EGUSD ਸੈਲੂਲਰ ਹੌਟਸਪੋਟ ਨਾਲ ਕਨੈਕਟ ਕਰ ਸਕਣਗੀਆਂ। ਨਿੱਜੀ ਡਿਵਾਈਸ EGUSD ਹੋਟਸਪੋਟ ਨਾਲ ਕਨੈਕਟ **ਨਹੀਂ** ਕਰ ਸਕਣਗੇ। EGUSD ਸੈਲੂਲਰ ਹੌਟਸਪੋਟ ਇੱਕ ਸਟੈਂਡ-ਅਲੋਨ ਡਿਵਾਈਸ ਹੈ ਜੋ ਇਕ ਸੈਲੂਲਰ ਡਾਟਾ ਨੈਟਵਰਕ ਦੀ ਵਰਤੋਂ ਕਰਦਾ ਹੈ ਤਾਂ ਜੋ ਵਿਦਿਆਰਥੀ ਉਸ ਕਿਸੇ ਵੀ ਜਗ੍ਹਾ 'ਤੇ ਇੰਟਰਨੈੱਟ ਨਾਲ ਕਨੈਕਟ ਕਰ ਸਕਣ ਜਿੱਥੇ ਸੈਲੂਲਰ ਨੈੱਟਵਰਕ ਉਪਲਬਧ ਹੈ। **ਇਸ ਡਿਵਾਈਸ ਨੂੰ ਸਵੀਕਾਰ ਕਰ ਕੇ ਤੁਸੀਂ ਸੁਰੱਖਿਆ ਸੈਟਿੰਗਾਂ ਨਾਲ ਛੇੜਛਾੜ ਨਾ ਕਰਨ ਲਈ ਸਹਿਮਤ ਹੋ ਰਹੇ ਹੋ ਅਤੇ ਇਸ ਨੂੰ ਵਰਤੇ ਜਾਣ ਦੇ ਢੰਗ ਲਈ ਜ਼ਿੰਮੇਵਾਰ ਹੋ।**




- EGUSD ਸੈਲੂਲਰ ਹੌਟਸਪੋਟ ਦੀ ਵਰਤੋਂ ਕਰਨ ਤੋਂ ਪਹਿਲਾਂ, **ਇਹ ਪੱਕਾ ਕਰੋ ਕਿ ਬੈਟਰੀ ਪੂਰੀ ਤਰ੍ਹਾਂ ਚਾਰਜ ਕੀਤੀ ਹੋਈ ਹੈ।** ਸੈਲੂਲਰ ਹੌਟਸਪੋਟ ਨੂੰ ਪੂਰੀ ਤਰ੍ਹਾਂ ਚਾਰਜ ਕਰਨ ਵਿੱਚ ਆਮ ਤੌਰ ਤੇ 3-5 ਘੰਟੇ ਲੱਗਦੇ ਹਨ। ਨੁਕਸਾਨ ਨੂੰ ਰੋਕਣ ਲਈ, ਡਿਵਾਈਸ ਨੂੰ ਸਿਰਫ ਉਸ ਮਾਈਕ੍ਰੋ USB ਚਾਰਜਰ ਦੀ ਵਰਤੋਂ ਕਰਦੇ ਹੋਏ ਚਾਰਜ ਕਰੋ ਜੋ EGUSD ਸੈਲੂਲਰ ਹੌਟਸਪੋਟ ਦੇ ਨਾਲ ਆਇਆ ਸੀ।

- ਡਿਵਾਈਸ ਨੂੰ ਜ਼ਿਆਦਾ ਗਰਮ ਹੋਣ ਜਾਂ ਖ਼ਰਾਬ ਹੋਣ ਤੋਂ ਬਚਾਉਣ ਲਈ EGUSD ਸੈਲੂਲਰ ਹੌਟਸਪੋਟ ਨੂੰ ਸਿੱਧੀ ਧੁੱਪ ਵਿੱਚ **ਨਾ** ਛੱਡੋ।

- EGUSD ਸੈਲੂਲਰ ਹੌਟਸਪੋਟ ਨੂੰ ਚਾਲੂ ਕਰਨ ਲਈ, **ਪਾਸੇ 'ਤੇ ਪਾਵਰ ਬਟਨ ਨੂੰ 3 ਸਕਿੰਟਾਂ ਲਈ ਦਬਾ ਕੇ ਰੱਖੋ।** ਜਦੋਂ ਹੌਟਸਪੋਟ ਪਾਵਰ-ਅੱਪ ਕ੍ਰਮ ਪੂਰਾ ਹੋ ਜਾਵੇਗਾ ਤਾਂ ਤੁਹਾਨੂੰ ਡਿਸਪਲੇਅ 'ਤੇ **Welcome** ਸ਼ਬਦ ਦਿਖਾਈ ਦੇਵੇਗਾ।

- EGUSD ਸੈਲੂਲਰ ਹੌਟਸਪੋਟ ਨੂੰ ਚਾਲੂ ਕਰਨ ਤੋਂ ਬਾਅਦ, ਤੁਹਾਡੀ EGUSD Chromebook ਨੂੰ ਆਪਣੇ-ਆਪ **EGUSD-Chrome** ਨੈੱਟਵਰਕ ਨਾਲ ਕਨੈਕਟ ਕਰਨਾ ਚਾਹੀਦਾ ਹੈ। ਜੇ ਤੁਹਾਡੀ Chromebook ਆਪਣੇ ਆਪ EGUSD-Chrome ਨੈੱਟਵਰਕ ਨਾਲ ਕਨੈਕਟ **ਨਹੀਂ** ਕਰਦੀ ਹੈ, ਤਾਂ ਤੁਹਾਨੂੰ ਹੌਟਸਪੋਟ ਨਾਲ ਕਨੈਕਟ ਕਰਨ ਲਈ Chromebook ਨੂੰ EGUSD-Chrome Wi-Fi ਨੈੱਟਵਰਕ 'ਤੇ ਬਦਲਣ ਦੀ ਲੋੜ ਹੋਵੇਗੀ। ਜੇ ਤੁਹਾਨੂੰ ਇੱਕ ਵਿਕਲਪ ਦੇ ਰੂਪ ਵਿੱਚ EGUSD-Chrome ਨੈੱਟਵਰਕ ਦਿਖਾਈ **ਨਹੀਂ** ਦਿੰਦਾ ਹੈ, ਤਾਂ ਕਿਰਪਾ ਕਰਕੇ Chromebook ਦਾ ਪਾਵਰ ਚੱਕਰ ਪੂਰਾ ਕਰੋ *(ਬੰਦ ਕਰਕੇ ਫਿਰ ਚਾਲੂ ਕਰੋ)* ਅਤੇ/ਜਾਂ EGUSD ਸੈਲੂਲਰ ਹੌਟਸਪੋਟ ਨੂੰ ਚਾਰਜ ਕਰੋ।

- EGUSD ਸੈਲੂਲਰ ਹੌਟਸਪੋਟ 'ਤੇ ਸਕ੍ਰੀਨ ਦੇ ਉਪਰਲੇ ਖੱਬੇ ਕੋਨੇ ਵਿੱਚ, **ਪੰਜ ਛੋਟੀਆਂ ਸਿਗਨਲ ਪੱਟੀਆਂ** ਹਨ ਜੋ ਤੁਹਾਡੇ ਨੈਟਵਰਕ ਸਿਗਨਲ ਦੀ ਤਾਕਤ ਨੂੰ ਦਰਸਾਉਣਗੀਆਂ। ਇੰਟਰਨੈੱਟ ਕਨੈਕਸ਼ਨ ਹੋਣ ਲਈ ਉਪਰਲੇ ਖੱਬੇ ਕੋਨੇ ਵਿੱਚ ਪੱਟੀਆਂ ਦਿਖਾਈ ਦੇਣੀਆਂ ਲਾਜ਼ਮੀ ਹਨ। **ਜੇ ਸਿਗਨਲ ਦੀ ਤਾਕਤ ਘੱਟ ਹੈ ਜਾਂ ਕੋਈ ਪੱਟੀ ਦਿਖਾਈ ਨਹੀਂ ਦੇ ਰਹੀ ਹੈ, ਤਾਂ ਤੁਹਾਨੂੰ ਹੌਟਸਪੋਟ ਨੂੰ ਉਸ ਜਗ੍ਹਾ ਤੇ ਲਿਜਾਣ ਦੀ ਲੋੜ ਹੋਵੇਗੀ ਜਿੱਥੇ ਸਿਗਨਲ ਮਜ਼ਬੂਤ ਹੈ।**




***ਧਿਆਨ ਦਿਓ:*** *ਇੱਕ ਕਮਰੇ ਤੋਂ ਦੂਜੇ ਕਮਰੇ ਵਿੱਚ ਜਾਣ ਜਾਂ ਘਰ ਦੇ ਇੱਕ ਪਾਸੇ ਤੋਂ ਦੂਸਰੇ ਪਾਸੇ ਜਾਣ ਨਾਲ ਸੈਲੂਲਰ ਕਨੈਕਸ਼ਨ ਦਾ ਬਿਹਤਰ ਨਤੀਜਾ ਮਿਲ ਸਕਦਾ ਹੈ। ਇਹ ਯਾਦ ਰੱਖੋ ਕਿ ਇੱਟਾਂ, ਦੀਵਾਰਾਂ ਵਿੱਚ ਧਾਤ, ਹੋਰ ਵਾਇਰਲੈਸ ਉਪਕਰਣ (ਬੇਬੀ ਮੋਨਿਟਰ, ਗੈਰਾਜ ਦੇ ਦਰਵਾਜ਼ੇ ਖੋਲ੍ਹਣ ਵਾਲੇ ਉਪਕਰਣ, ਆਦਿ), ਰਸੋਈ ਉਪਕਰਣ (ਮਾਈਕ੍ਰੋਵੇਵ, ਫਰਿੱਜ, ਆਦਿ), ਅਤੇ/ਜਾਂ ਹੋਰ Wi-Fi ਨੈੱਟਵਰਕ ਇੰਟਰਨੈਟ ਕਨੈਕਟੀਵਿਟੀ ਦੇ ਮੁੱਦੇ ਬਣ ਸਕਦੇ ਹਨ।*

- ਸਕ੍ਰੀਨ ਦੇ ਉਪਰਲੇ ਸੱਜੇ ਕੋਨੇ ਵਿੱਚ EGUSD ਸੈਲੂਲਰ ਹੌਟਸਪੋਟ 'ਤੇ, ਇੱਕ ਬੈਟਰੀ ਆਇਕਨ ਹੈ। ਜੇ ਸੈਲੂਲਰ ਹੌਟਸਪੋਟ ਬੈਟਰੀ ਘੱਟ ਜਾਂਦੀ ਹੈ ਤਾਂ ਬੈਟਰੀ ਦੀ ਰੂਪ ਰੇਖਾ ਝਪਕਣੀ ਸ਼ੁਰੂ ਹੋ ਜਾਵੇਗੀ; ਡਿਵਾਈਸ ਨੂੰ ਚਾਰਜ ਕਰਨਾ ਪੱਕਾ ਕਰੋ। ਨੁਕਸਾਨ ਹੋਣ ਅਤੇ ਵਾਰੰਟੀ ਖਤਮ ਹੋਣ ਤੋਂ ਬਚਣ ਲਈ, ਡਿਵਾਈਸ ਨੂੰ ਸਿਰਫ ਉਸ ਮਾਈਕ੍ਰੋ USB ਚਾਰਜਰ ਦੀ ਵਰਤੋਂ ਕਰਦੇ ਹੋਏ ਚਾਰਜ ਕਰੋ ਜੋ EGUSD ਸੈਲੂਲਰ ਹੌਟਸਪੋਟ ਦੇ ਨਾਲ ਆਇਆ ਸੀ। **Wi-Fi ਸਿਗਨਲ ਮੁਹੱਈਆ ਕਰਨ ਲਈ EGUSD ਸੈਲੂਲਰ ਹੌਟਸਪੋਟ ਦਾ ਚਾਰਜ ਅਤੇ ਚਾਲੂ ਹੋਣਾ ਲਾਜ਼ਮੀ ਹੈ।**

- ਆਪਣੇ ਸਾਰੇ ਕਲਾਸਵਰਕ ਨੂੰ ਪੂਰਾ ਕਰਨ ਤੋਂ ਬਾਅਦ, EGUSD ਸੈਲੂਲਰ ਹੌਟਸਪੌਟ ਨੂੰ **ਬੰਦ** ਕਰਨਾ ਪੱਕਾ ਕਰੋ। **ਹੌਟਸਪੌਟ ਪਾਵਰ ਬਟਨ ਨੂੰ ਉਦੋਂ ਤਕ ਦਬਾ ਕੇ ਰੱਖੋ** ਜਦੋਂ ਤੱਕ ਤੁਹਾਨੂੰ ਸਕ੍ਰੀਨ 'ਤੇ **Goodbye** ਸ਼ਬਦ ਦਿਖਾਈ ਨਹੀਂ ਦਿੰਦਾ, ਜਿਸਦੇ ਨਾਲ ਹੀ ਡਿਵਾਈਸ ਦੇ ਬੰਦ ਹੋ ਜਾਂਦਾ ਹੈ।